# ਸ੍ਰੀ ਅਕਾਲ ਤਖਤ ਸਾਹਿਬ ਦੇ "ਹੁਕਮਨਾਮੇ'' ਨੂੰ ਕਿਉਂ ਨਹੀਂ ਮੰਨਿਆਂ ਜਾ ਰਿਹਾ?

ਪਿਛਲੇ ਦਿਨਾਂ ਵਿੱਚ "ਦਸਮ ਗ੍ਰੰਥ" ਦੇ ਮਸਲੇ ਨੂੰ ਲੈ ਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਗੁਰਬਚਨ ਸਿੰਘ ਜੀ ਵਲੋਂ ਇੱਕ "ਹੁਕਮਨਾਮਾ" ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰੋ: ਦਰਸ਼ਨ ਸਿੰਘ ਜੀ ਪ੍ਰਤੀ ਜਾਰੀ ਕਰਕੇ ਤਨਖਾਹੀਆ ਕਰਾਰ ਦਿੱਤਾ ਗਿਆ।ਮਸਲੇ ਦਾ ਮੂਲ ਅਧਾਰ ਕੀਰਤਨ ਦੌਰਾਨ ਦਸਮ ਗ੍ਰੰਥ ਉੱਪਰ ਵੀਚਾਰ ਹੈ, ਜਿਥੋਂ ਇਹ ਦੁਬਿਧਾ ਖੜੀ ਕੀਤੀ ਗਈ ਹੈ। ਸਿਆਸੀ ਅਤੇ ਖੁਦਗਰਜ਼ ਲੋਕ ਆਪਣੇ ਨਿਜੀ ਲਾਭ ਖਾਤਰ ਮਸਲੇ ਨੂੰ ਦਿਨ ਬਦਿਨ ਪਚੀਦਾ ਬਣਾ ਰਹੇ ਹਨ। ਐਸ ਵੇਲੇ ਹਾਲਾਤ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਹਨ ਜਿਵੇਂ:

> " ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤਿ ਮੁਖਹੁ ਅਲਾਈ" (ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦)
>
> " ਹਉ ਭਾਲਿ ਵਿਕੁੰਨੀ ਹੋਈ । ਅੰਧੇਰੇ ਰਾਹੁ ਨ ਕੋਈ ।
> ਵਿਚਿ ਹਉਮੈ ਕਰਿ ਦੁਖੁ ਰੋਈ । ਕਹੁ ਨਾਨਕ ਕਿਨਿ ਬਿਧਿ ਗਤਿ ਹੋਈ" ( ਸਲੋਕ ਮ: ੧, ਪੰਨਾ ੧੪੫)

ਜਾਰੀ ਕੀਤੇ ਗਏ ਹੁਕਮਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੈ ।

**"ਪ੍ਰੋ: ਦਰਸ਼ਨ ਸਿੰਘ ਨੂੰ ਨਿੱਜੀ ਰੂਪ'ਚ ਹਾਜ਼ਰ ਹੋ ਕੇ, ਸਪੱਸ਼ਟੀਕਰਨ ਦੇਣ ਦੀ ਤਾਕੀਦ ਕੀਤੀ ਗਈ ਸੀ। ਪੰਜ ਸਿੰਘ ਸਾਹਿਬ ਦਿੱਤੇ ਸਮੇਂ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋ ਕੇ ਇੰਤਜ਼ਾਰ ਕਰਦੇ ਰਹੇ, ਪਰ ਅਖੌਤੀ ਪ੍ਰੋ: ਦਰਸ਼ਨ ਸਿੰਘ ਨੇ ਨਿੱਜੀ ਹਉਮੈ-ਹੰਕਾਰ ਤੇ ਖੁਦਗਰਜ਼ੀ ਦਾ ਪ੍ਰਗਟਾ ਕਰਕੇ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਹੀਂ ਹੋਇਆ,ਜੋ ਕਿ ਗੁਰੂਪੰਥ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਯਾਦਾ ਤੇ ਸਿਧਾਂਤ ਦੀ ਘੋਰ ਉਲੰਘਣਾ ਹੈ।ਇਸ ਕਾਰਨ ਗੁਰੁ-ਨਿੰਦਕ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਜਾਂਦਾਂ ਹੈ ।"**

ਪਰ ਪ੍ਰੋ: ਦਰਸ਼ਨ ਸਿੰਘ ਅਤੇ ਉਹਨਾਂ ਦੇ ਸਮਰਥਕਾਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਉਹ ਨਿਜੀ ਤੌਰ ਤੇ ਆਪਣਾ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਏ। ਤਕਰੀਬਨ ਇਕ ਘੰਟਾ ਬੈਠ ਕੇ ਉਡੀਕ ਕਰਨ ਤੋਂ ਮਗਰੋਂ ਜਦੋਂ ਪੰਜ ਸਿੰਘ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਤੇ ਨਾ ਆਏ, ਤਾਂ ਉਹ ਅਰਦਾਸ ਕਰਕੇ ਆਪਣਾ ਲਿਖਤੀ ਸਪਸ਼ੱਟੀਕਰਨ ਗੋਲਕ ਤੇ ਰੱਖ ਕੇ ਆ ਗਏ।

ਪ੍ਰੋ: ਦਰਸ਼ਨ ਸਿੰਘ ਮੰਗ ਕਰ ਰਹੇ ਸਨ ਕਿ ਕਿਸੇ ਬੰਦ ਕਮਰੇ ਦੀ ਬਜਾਏ, ਸ੍ਰੀ ਅਕਾਲ ਤਖਤ ਸਾਹਿਬ ਉਤੇ ਸੰਗਤਾਂ ਦੇ ਸਾਹਮਣੇ ਪੇਸ਼ੀ ਕੀਤੀ ਜਾਵੇ। ਉਹ ਕਹਿ ਰਹੇ ਸਨ ਕਿ ਉਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਹਾਜ਼ਰ ਹੋਣ ਦਾ ਹੀ ਆਦੇਸ਼ ਸੀ। ਜਥੇਦਾਰ ਸਾਹਿਬਾਨ ਚਾਹੁੰਦੇ ਸਨ ਕਿ ਉਹ ਉਹਨਾਂ ਦੀ ਬਣਾਈ ਸਕੱਤਰੇਤ (ਜਿਹੜੀ ਇਕ ਵਖਰੀ ਇਮਾਰਤ ਹੈ) ਵਿਖੇ ਪੇਸ਼ ਹੋਣ। ਇਸ ਕਸ਼ਮਕਸ਼ ਵਿੱਚ ਮਸਲਾ ਲਟਕ ਰਿਹਾ ਹੈ ਅਤੇ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ।

ਕੋਈ ਸਮਾਂ ਸੀ ਕਿ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਅੱਗੇ ਸਤਿਕਾਰ ਨਾਲ ਸਭ ਦਾ ਸਿਰ ਝੁਕਦਾ ਸੀ,ਅਤੇ ਗੁਰੁ ਦਾ ਹੁਕਮ ਕਰਕੇ ਮੰਨਿਆ ਜਾਂਦਾ ਸੀ।ਪਰ ਅੱਜ ਜਾਰੀ ਕੀਤੇ ਗਏ ਹੁਕਮਨਾਮਿਆਂ ਨੂੰ ਮੰਨਣ ਦੀ ਬਜਾਏ ਕਿੰਤੂ ਪ੍ਰੰਤੂ ਕੀਤਾ ਜਾ ਰਿਹਾ ਹੈ।ਇਸ ਦਾ ਕਾਰਨ ਸਮਝਣ ਦੀ ਲੋੜ ਹੈ।ਦੇਖਣਾ ਪਵੇਗਾ ਕਿ ਕਿਤੇ ਹੁਕਮਨਾਮਾ ਜਾਰੀ ਕਰਨ ਵਿੱਚ ਜਾਣੇ ਅਨਜਾਣੇ ਪੰਥਕ ਮਰਯਾਦਾ ਦੀ ਉਲੰਘਣਾ ਤੇ ਨਹੀ ਹੋ ਰਹੀ?

ਕੀ "ਹੁਕਮਨਾਮੇ" ਜਾਰੀ ਕਰਨ ਵਾਲਿਆਂ ਦੀ ਵਿਚਾਰਧਾਰਾ ਇੱਕ ਹੈ?

ਕੀ ਉਹਨਾਂ ਵਿਚ ਪੂਰਨ ਏਕਤਾ ਹੈ?

ਕੀ ਉਹਨਾਂ ਦੀ ਮਰਯਾਦਾ ਇੱਕ ਹੈ?

ਕੀ ਉਹ "ਗੁਰਸਿਖਾ ਇਕੋ ਪਿਆਰੁ" ਵਾਲੀ ਭਾਵਨਾ ਰਖਦੇ ਹਨ?

ਕੀ ਉਹਨਾਂ ਦੀ ਸੋਚ ਕਿਸੇ ਸਿਆਸੀ ਡਰ ਅਤੇ ਪ੍ਰਭਾਵ ਥੱਲੇ ਤੇ ਨਹੀਂ ਕੰਮ ਕਰਦੀ?

ਪਰ ਜਾਪਦਾ ਹੈ ਕਿ ਇਹ ਸਾਰਾ ਕੁਝ ਜਾਣ-ਬੁਝ ਕੇ ਸਾਜਿਸ਼ ਅਧੀਨ ਕੀਤਾ ਜਾ ਰਿਹਾ ਹੈ। ਪ੍ਰੋ: ਦਰਸ਼ਨ ਸਿੰਘ ਜੀ ਪ੍ਰਤੀ ਜੋ "ਹੁਕਮਨਾਮਾ" ਜਾਰੀ ਹੋਇਆ ਹੈ, ਉਸ ਵਿੱਚ ਵਰਤੀ ਗਈ ਸ਼ਬਦਾਵਲੀ ਤੋਂ ਵੀ ਇਹੀ ਝਲਕ

ਪੈਂਦੀ ਹੈ ਕਿ ਇਹ ਸਾਰੀ ਕਾਰਵਾਈ ਕਿਸੇ ਸਿਆਸੀ ਪ੍ਰਭਾਵ ਥੱਲੇ, ਬਦਲੇ ਦੀ ਭਾਵਨਾ ਅਧੀਨ, ਕ੍ਰਤੱਤਣ ਅਤੇ ਜਲਦਬਾਜ਼ੀ ਵਿਚ ਕੀਤੀ ਗਈ ਹੈ । ਸਭ ਤੋਂ ਪਹਿਲਾਂ ਜਥੇਦਾਰ ਸਾਹਿਬਾਨ ਨੂੰ ਆਪਣੇ ਜਾਰੀ ਕੀਤੇ ਹੁਕਮਨਾਮੇ ਅਨੁਸਾਰ ਆਪ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਸੁਸ਼ੋਭਤ ਹੋਣਾ ਚਾਹੀਦਾ ਸੀ ਅਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ "ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ" ਵਾਲੀ ਚੰਗੀ ਭਾਵਨਾ ਸਹਿਤ, ਨਿਰਪੱਖ ਹੋ ਕੇ ਪੇਸ਼ੀ ਸਮੇਂ ਸਪੱਸ਼ਟੀਕਰਨ ਲੈਣਾ ਚਾਹੀਦਾ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਥੇਦਾਰ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰ ਨਹੀਂ ਸਨ । ਸਗੋਂ ਉਹ ਆਪਣੇ ਬਣਾਏ ਹੋਏ ਸਕੱਤਰੇਤ ਵਿਚ ਸਨ । ਜੇ ਉਹ ਚਾਹੁੰਦੇ ਸਨ ਕਿ, ਪ੍ਰੋ: ਦਰਸ਼ਨ ਸਿੰਘ ਉਹਨਾਂ ਦੇ ਬਣਾਏ ਹੋਏ ਸਕੱਤਰੇਤ ਤੇ ਹੀ ਪੇਸ਼ ਹੋਣ ਤਾਂ ਉਹਨਾਂ ਨੂੰ ਆਪਣੇ ਹੁਕਮਨਾਮੇ ਵਿਚ ਸਪੱਸ਼ਟ ਕਰ ਦੇਣਾ ਚਾਹੀਦਾ ਸੀ ।

ਇਸ ਤੋਂ ਇਲਾਵਾ ਚੰਗਾ ਹੁੰਦਾ ਜੇਕਰ ਸ: ਗੁਰਚਰਨਜੀਤ ਸਿੰਘ ਲਾਂਬਾ ਨੂੰ ਵੀ ਬੁਲਾਇਆ ਜਾਂਦਾ ਕਿਉਂਕਿ ਉਹਨਾਂ ਨੇ ਆਪਣੇ ਟੀ.ਵੀ. ਚੈਨਲ ਰਾਹੀਂ ਪ੍ਰੋ: ਦਰਸ਼ਨ ਸਿੰਘ ਉੱਪਰ ਦੋਸ਼ ਲਗਾਇਆ ਸੀ । ਅਸਲੀਅਤ ਨੂੰ ਹੋਰ ਜਾਨਣ ਲਈ ਅਤੇ ਨਿਆਂ ਪੂਰਬਕ ਫੈਸਲਾ ਲੈਣ ਹਿੱਤ ਗੁਰਦਵਾਰਾ ਸਾਹਿਬ Rochester, New York ਦੀ ਪ੍ਰਬੰਧਕ ਕਮੇਟੀ ਅਤੇ ਸੰਗਤ, ਜਿਥੇ ਕੀਰਤਨ ਪ੍ਰੋਗਰਾਮ ਹੋਇਆ, ਨੂੰ ਵੀ ਬੁਲਾਇਆ ਜਾ ਸਕਦਾ ਸੀ । ਪਰ ਜਥੇਦਾਰ ਸਾਹਿਬਾਨ ਨੇ ਕਿਸੇ ਤੋਂ ਸਪੱਸ਼ਟੀਕਰਨ ਲਏ ਬਗੈਰ ਹੀ "ਗੁਰੂ ਨਿੰਦਕ" ਹੋਣ ਦਾ ਫਤਵਾ ਦੇਕੇ ਤਨਖਾਹੀਆ ਕਰਾਰ ਦੇ ਦਿੱਤਾ ।

ਜਿਥੋਂ ਤੱਕ ਦਸਮ ਗ੍ਰੰਥ ਦਾ ਸਵਾਲ ਹੈ, ਉਸ ਬਾਰੇ ਸਭ ਨੂੰ ਪਤਾ ਹੈ ਕਿ ਇਹ ਮਸਲਾ ਬੜਾ ਪੁਰਾਣਾ ਹੈ । ਕਈ ਵਾਰ ਇਸ ਉੱਤੇ ਵਾਦ ਵਿਵਾਦ ਖੜਾ ਹੋਇਆ ਹੈ। ਬਹੁਤੇ ਵਿਦਵਾਨਾਂ ਨੇ ਲਿਖਤੀ ਤੌਰ ਤੇ ਸਮੁੱਚੇ ਦਸਮ ਗ੍ਰੰਥ ਨੂੰ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਤੋਂ ਇਨਕਾਰ ਕੀਤਾ ਹੈ । ਸ਼੍ਰੋਮਣੀ ਕਮੇਟੀ ਨੇ ਵੀ ਆਪਣੇ ਪੱਤਰ ਨੰ: ੩੬੬੭੨ ਮਿਤੀ ੩-੮-੧੯੭੩ ਅਨੁਸਾਰ ਫੈਸਲਾ ਕੀਤਾ ਹੈ ਕਿ **"ਚਰਿਤ੍ਰੋ ਪਾਖਿਆਨ ਜੋ ਦਸਮ ਗ੍ਰੰਥ ਵਿਚ ਅੰਕਤ ਹੈ, ਇਹ ਦਸ਼ਮੇਸ਼ ਬਾਣੀ ਨਹੀਂ । ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ"** । ਪਰ ਸਾਜਿਸ਼ ਅਧੀਨ ਲਿਖਾਰੀ ਨੇ "ਕਬਿਓ ਬਾਚ ਬੇਨਤੀ ਚੌਪਈ" ਨੂੰ ਚਰਿਤ੍ਰੋ ਪਾਖਿਆਨ ਵਿਚ ਲਿਖਿਆ ਹੈ । ਪੰਥ ਦੇ ਸੂਝਵਾਨ ਵਿਦਵਾਨਾਂ ਨੇ ਚੌਪਈ ਸਾਹਿਬ ਨਾਲ ਜੋ ਵਾਧੂ ਲਫਜ਼ "ਪੁਨਿ ਰਾਛਸ ਕਾ ਕਾਟਾ ਸੀਸਾ" ਅਤੇ "ਕ੍ਰਿਪਾ ਕਰੀ ਹਮ ਪਰ ਜਗਮਾਤਾ" ਨੂੰ ਬਾਣੀ ਨਾ ਮੰਨਿਆ ਅਤੇ "ਹਮਰੀ ਕਰੋ ਹਾਥ ਦੇ ਰੱਛਾ" ਤੋਂ "ਦੁਸਟ ਦੋਖ ਤੇ ਲੇਹੁ ਬਚਾਈ " ਤੱਕ ਹੀ ਪ੍ਰਵਾਨ ਕੀਤਾ, ਜੋ ਨਿਤਨੇਮ ਦਾ ਹਿੱਸਾ ਹੈ।

ਪਰ ਦੁਖਾਂਤ ਉਸ ਵੇਲੇ ਵਾਪਰਦਾ ਹੈ ਜਦੋਂ ਪੰਥ ਦੇ ਵਾਰਸ ਅਖਵਾਉਣ ਵਾਲੇ, ਪੰਥਕ ਮਰਯਾਦਾ ਤੇ ਪਹਿਰਾ ਦੇਣ ਵਾਲੇ, ਆਪ ਹੀ ਆਪਣੇ ਸਿਧਾਂਤਾਂ ਦਾ ਘਾਣ ਕਰਨ ਲਗ ਪੈਂਦੇ ਹਨ ਅਤੇ ਮੰਨਣ ਤੋਂ ਆਕੀ ਹੋ ਬੈਠਦੇ ਹਨ।ਸ੍ਰੀ ਗਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਕੇ, ਅਖੰਡ ਪਾਠ ਕੀਤੇ ਜਾ ਰਹੇ ਹਨ ਅਤੇ ਉਹਨਾਂ ਵਿੱਚ ਸਮਰੱਥਕ ਬਣ ਕੇ ਆਪ ਸ਼ਾਮਲ ਹੁੰਦੇ ਹਨ।ਜਦ ਕਿ ਪੰਥ ਦੀ ਬੜੀ ਮਿਹਨਤ ਨਾਲ ਤਿਆਰ ਕੀਤੀ "ਸਿਖ ਰਹਿਤ ਮਰਿਯਾਦਾ" ਅਨੁਸਾਰ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕਿਸੇ ਪੁਸਤਕ ਜਾਂ ਗ੍ਰੰਥ ਦਾ ਪ੍ਰਕਾਸ਼ ਕਰਨਾ ਮਨ੍ਹਾਂ ਹੈ।

ਹੁਣ, ਦਸਮ ਗ੍ਰੰਥ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਖੜਾ ਕਰਕੇ ਇਕ ਹੋਰ ਨਵਾਂ ਵਾਦ-ਵਿਵਾਦ ਸ਼ੁਰੂ ਕਰ ਲਿਆ ਹੈ । ਬੜੀ ਮਿਹਨਤ ਕਰਨ ਮਗਰੋਂ ਸਿਖ ਕੌਮ ਬ੍ਰਾਹਮਣ ਦੀ ਇਕ ਸੋਚ ਚੋਂ ਨਿਕਲੀ ਸੀ । ਪਰ ਅਫਸੋਸ ਹੈ ਇਨ੍ਹਾਂ ਪੰਥ ਦੇ ਮੁਹਾਣਿਆਂ, ਡੇਰੇਦਾਰਾਂ ਅਤੇ ਸਾਧਾਂ ਤੇ, ਜਿਹੜੇ ਨਾ ਆਪ ਬ੍ਰਹਮਣਵਾਦ ਦੇ ਚੱਕਰ ਚੋਂ ਨਿਕਲਣਾ ਚਾਹੁੰਦੇ ਹਨ ਅਤੇ ਨਾ ਕੌਮ ਨੂੰ ਨਿਕਲਣ ਦਿੰਦੇ ਹਨ। ਜਥੇਦਾਰ ਸਾਹਿਬਾਨ ਧੜਾ-ਧੜ ਬਿਆਨ ਦੇਈ ਜਾਂਦੇ ਹਨ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਨਾਲ ਕੌਮ ਵਿਚ ਪੂਰਨ ਏਕਤਾ ਹੋ ਗਈ ਹੈ। ਕੋਈ ਇਨ੍ਹਾਂ ਨੂੰ ਪੁਛੇ ਕਿ ਤੁਹਾਡੇ ਆਪਣੇ ਵਿਚ ਤਾਂ ਸਰਵਸੰਮਤੀ ਜਾਂ ਏਕਤਾ ਹੋਈ ਨਹੀਂ, ਕੌਮ ਵਿਚ ਕਿਵੇਂ ਏਕਤਾ ਹੋ ਸਕਦੀ ਹੈ? ਜਾਪਦਾ ਇਹ ਹੈ ਕਿ ਕਿਸੇ ਡੂੰਘੀ ਸਾਜ਼ਿਸ ਅਧੀਨ ਨਵੇਂ-ਨਵੇਂ ਮਸਲੇ ਜਾਣ ਬੁਝਕੇ ਖੜੇ ਕੀਤੇ ਜਾ ਰਹੇ ਹਨ, ਤਾਂ ਜੁ ਹੋਰ ਤੇ ਹੋਰ ਹੁਕਮਨਾਮਾਂ ਜਾਰੀ ਕਰਨ ਦਾ ਸਿਲਸਿਲਾ ਚਲਦਾ ਰਹੇ ਅਤੇ ਕੌਮ ਵਿਚ ਫੁੱਟ ਪਈ ਰਹੇ ।

ਬੜੇ ਸਤਿਕਾਰ ਅਤੇ ਨਿਮਰਤਾ ਸਹਿਤ, ਜਥੇਦਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਜੇਕਰ ਦੂਰ-ਦ੍ਰਿਸ਼ਟੀ ਨਾਲ ਨਿਰਪੱਖ ਹੋ ਕੇ ਨਿਜੀ ਮੱਤ-ਭੇਦ ਨੂੰ ਇਕ ਪਾਸੇ ਰਖ ਕੇ, ਹੇਠ ਲਿਖੇ ਕੁਝ ਨੁਕਤਿਆਂ ਉਤੇ ਵਿਚਾਰ ਕੀਤੀ ਜਾਵੇ ਤਾਂ ਮਸਲਾ ਹੱਲ ਹੋਣ ਦੀ ਆਸ ਕੀਤੀ ਜਾ ਸਕਦੀ ਹੈ ।

੧. ਸਭ ਤੋਂ ਪਹਿਲਾਂ ਇਹ ਜਾਨਣਾ ਜਰੂਰੀ ਹੈ ਕਿ ਪ੍ਰੋ. ਦਰਸ਼ਨ ਸਿੰਘ ਜੀ ਦੀ ਕੀਰਤਨ ਦੌਰਾਨ ਭਾਵਨਾ ਕੀ ਸੀ? ਗੁਰੂ ਦੀ ਵਡਿਆਈ ਕਰਨੀ ਜਾਂ ਨਿੰਦਾ।

੨. ਸਪੱਸ਼ਟੀਕਰਨ ਲਏ ਬਗੈਰ “ਗੁਰੂ ਨਿੰਦਕ” ਹੋਣ ਦਾ ਫਤਵਾ ਦੇਣਾ ਜਾਇਜ਼ ਨਹੀਂ ਹੈ?

੩. ਜਥੇਦਾਰ, ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਜੀ ਜਿਹੜੇ ਆਪ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਨਹੀਂ ਮੰਨਦੇ ਅਤੇ “ਸਿਖ ਰਹਿਤ ਮਰਯਾਦਾ” ਦੀ ਉਲੰਘਣਾ ਕਰਕੇ ਦਸਮ ਗ੍ਰੰਥ ਦਾ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਦੇ ਹਨ ,ਉਨ੍ਹਾਂ ਨੂੰ ਪੰਜਾਂ ਸਿੰਘਾਂ ਵਿਚ ਕੋਈ ਪੰਥਕ ਫੈਸਲਾ ਲੈਣ ਲਈ ਸ਼ਾਮਲ ਕਰਨਾ ਕਿਥੋਂ ਤਕ ਯੋਗ ਹੈ?

੪. ਕਿਸੇ ਵੀ ਸਿਖ ਦੀ ਪੇਸ਼ੀ, ਸ੍ਰੀ ਅਕਾਲ ਤਖਤ ਸਾਹਿਬ ਉਤੇ ਹੀ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਪੰਥਕ ਰਵਾਇਤਾਂ ਅਨੁਸਾਰ ਹੋਵੈ।

੫. ਗੁਰਦੁਆਰਾ ਸਾਹਿਬ Rochester, New York ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਜਿੱਥੇ ਕੀਰਤਨ ਕਰਵਾਇਆ ਗਿਆ, ਦੇ ਵਿਚਾਰ ਵੀ ਲਏ ਜਾਣ।

੬. ਸ. ਗੁਰਚਰਨਜੀਤ ਸਿੰਘ ਲਾਂਬਾ ਦੀ ਪੇਸ਼ੀ ਕਰਨੀ ਵੀ ਜਰੂਰੀ ਬਣਦੀ ਹੈ, ਕਿਉਂ ਕਿ ਉਨ੍ਹਾਂ ਉਪਰ ਅਸਲੀਅਤ ਨੂੰ ਤ੍ਰੋੜ ਮਰੋੜ ਕੇ ਪੇਸ਼ ਕਰਨ ਦਾ ਦੋਸ਼ ਹੈ।

੭. “ਦਸਮ ਗ੍ਰੰਥ” ਦੇ ਅਖੰਡ ਪਾਠਾਂ ਦੀ ਨਵੀਂ ਪਾਈ ਜਾ ਰਹੀ ਪਿਰਤ ਉਪਰ ਵੀ ਪਬੰਦੀ ਲਾਈ ਜਾਵੈ।

੮. ਪੰਥ ਦੇ ਸੂਝਵਾਨ ਵਿਦਵਾਨਾਂ ਦਾ ਇਕੱਠ ਕਰਕੇ ਇਹ ਨਿਰਣਾ ਲਿਆ ਜਾਵੈ ਕਿ ਦਸਮ ਗ੍ਰੰਥ ਵਿਚ ਕਿਹੜੀਆਂ ਬਾਣੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ।

੯. ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਅਖੌਤੀ ਸੋਧਾਂ ਨੂੰ ਰੱਦ ਕੀਤਾ ਜਾਵੈ।

੧੦. ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਵ-ਉਚੱਤਾ ਅਤੇ ਆਨ ਸ਼ਾਨ ਨੂੰ ਬਰਕਰਾਰ ਰੱਖਣ ਲਈ, ਪੰਜਾਂ ਤਖਤਾਂ ਦੇ ਜਥੇਦਾਰ ਸਾਹਿਬਾਨਾਂ ਨੂੰ ਚਾਹੀਦਾ ਹੈ ਕਿ ਉਹ ਸਿਆਸੀ ਪ੍ਰਭਾਵ ਤੋਂ ਉੱਪਰ ਉੱਠ ਕੇ ਪੰਥਕ ਫੈਸਲੇ ਲੈਣ।

ਗੁਰੂ ਪੰਥ ਦਾ ਦਾਸ,
ਸਵਰਨ ਸਿੰਘ, California, USA